ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ
(ਸਿੱਖਿਆ 2 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ 3/21/07-5ਸੀ2/3380
ਮਿਤੀ ਚੰਡੀਗੜ੍ਹ 11 ਜੂਨ, 2009

**ਵਿਸ਼ਾ** **ਸੀਨੀਅਰ ਸੈਕੰਡਰੀ ਸਕੂਲਾਂ ਦੇ ਲੈਕਚਰਾਰਾਂ ਨੂੰ ਹੇਠਲੀਆਂ ਕਲਾਸਾਂ ਦੇ ਪੀਰੀਅਡ ਪੜ੍ਹਾਉਣ ਸਬੰਧੀ ਸਪਸਟੀਕਰਨ।**

ਹਵਾਲਾ ਸਰਕਾਰ ਦੀ ਪਿਠ ਅੰਕਣ ਨੰ 3/21/07/5ਸੀ/580-591 ਮਿਤੀ 12.06.2008 ਦੀ ਲਗਾਤਾਰਤਾ ਵਿੱਚ।

1.0 ਆਪ ਜੀ ਦਾ ਧਿਆਨ ਸਰਕਾਰ ਦੇ ਹਵਾਲਾ ਅਧੀਨ ਪੱਤਰ ਵੱਲ ਦਵਾਇਆ ਜਾਂਦਾ ਹੈ ਕਿ ਜਿਸ ਰਾਹੀਂ ਪੰਜਾਬ ਰਾਜ ਦੇ ਸਾਰੇ ਸਕੂਲਾਂ ਨੂੰ ਰੈਸ਼ਨੇਲਾਈਜੇਸ਼ਨ ਸਬੰਧੀ ਹਦਾਇਤਾਂ ਜਾਰੀ ਕੀਤੀਆ ਗਈਆਂ ਸਨ। ਇਨ੍ਹਾਂ ਹਦਾਇਤਾਂ ਰਾਹੀਂ ਸਰਕਾਰ ਵੱਲੋਂ ਲਿਖਿਆ ਗਿਆ ਸੀ ਕਿ ਜੇਕਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਕਲਾਸਾਂ ਵਿੱਚ ਲੈਕਚਰਾਰਾਂ ਦੇ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਸਬੰਧਤ ਲੈਕਚਰਾਰਾਂ ਨੂੰ ਹੇਠਲੀਆਂ ਕਲਾਸਾਂ ਦੇ ਪੀਰੀਅਡ ਦੇ ਕੇ ਪੂਰੇ ਕੀਤੇ ਜਾਣ।ਪਰੰਤੂ ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੇ ਲੈਕਚਰਾਰ ਹੇਠਲੀਆਂ ਕਲਾਸਾਂ ਲੈਣ ਤੋਂ ਇਸ ਲਈ ਗੁਰੇਜ਼ ਕਰਦੇ ਹਨ ਕਿ ਜੇਕਰ ਉਹ ਬੋਰਡ ਦੀਆਂ ਕਲਾਸਾਂ ਲੈਂਦੇ ਹਨ ਤਾਂ ਇਹ ਨਤੀਜੇ ਉਹਨਾਂ ਦੇ ਨਾਂ ਤੇ ਗਿਣੇ ਜਾਣਗੇ। ਇਸ ਤਰ੍ਹਾਂ ਬਹੁਤ ਸਾਰੇ ਸਕੂਲ ਮੁੱਖੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਵੱਖ ਵੱਖ ਦਫਤਰਾਂ ਵਲੋਂ ਇਸ ਮੁੱਦੇ ਤੇ ਸਪਸਟੀਕਰਨ ਮੰਗੇ ਜਾ ਰਹੇ ਹਨ।

2.0 ਸਰਕਾਰ ਦੁਆਰਾ ਇਸ ਮੁੱਦੇ ਨੂੰ ਚੰਗੀ ਤਰ੍ਹਾਂ ਘੋਖਿਆ ਗਿਆ ਹੈ ਅਤੇ ਘੋਖਣ ਉਪਰੰਤ ਇਹ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਇਹੋ ਜਿਹੇ ਲੈਕਚਰਾਰਾਂ ਨੂੰ ਸਬੰਧਤ ਸਕੂਲ ਇੰਚਾਰਜ ਬੋਰਡ ਦੀਆਂ ਕਲਾਸਾਂ ਹੀ ਦੇਣ।ਜੇਕਰ ਇਸ ਉਪਰੰਤ ਵੀ

ਉਨ੍ਹਾਂ ਦੇ ਪੀਰੀਅਡ ਘੱਟ ਰਹਿ ਜਾਂਦੇ ਹਨ ਤਾਂ ਫਿਰ ਦੂਜੀਆਂ ਕਲਾਸਾਂ ਦੇ ਪੀਰੀਅਡ ਦੇਣ ਲਈ ਵਿਚਾਰ ਕੀਤਾ ਜਾਵੇ।

3.0 ਸਰਕਾਰ ਦੀਆਂ ਇਨ੍ਹਾਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਜਿੱਥੇ ਕਿਤੇ ਕੋਈ ਲੈਕਚਰਾਰ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਹੈ ਤਾਂ ਸਰਕਾਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਕੇ)

ਪਿਠ ਅੰਕਣ ਨੰ: ਉਕਤ ਮਿਤੀ

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

(1) ਡਾਇਰੈਕਟਰ ਸਿੱਖਿਆ ਵਿਭਾਗ,ਪੰਜਾਬ (ਸੈ ਸਿ) ਚੰਡੀਗੜ੍ਹ

(2) ਮੰਡਲ ਸਿੱਖਿਆ ਅਫਸਰ, ਜਲੰਧਰ/ਫਰੀਦਕੋਟ/ਨਾਭਾ

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਕੇ)

ਉਤਾਰਾ :

ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਚਾਕੀ ਮੱਲ ਸਿੰਘ, ਜ਼ਿਲ੍ਹਾ ਫਰੀਦਕੋਟ ਨੂੰ ਉਹਨਾਂ ਦੇ ਪੱਤਰ ਮਿਤੀ 29.4.2009 ਦੇ ਹਵਾਲੇ ਵਿੱਚ।

ਪੀ.ਈ./ਵਿਸਸਸਿ (ਕੇ) ਸੈਕਟਰ 23 ਚੰਡੀਗੜ੍ਹ